# ਬਰਿਜ਼ਬੇਨ ਵਿੱਚ ਬੇਹੱਦ ਖਰਾਬ ਮੌਸਮ ਵਾਸਤੇ ਤਿਆਰ ਰਹੋ




get ready QUEENSLAND

BRISBANE CITY

*Dedicated to a better Brisbane*

# ਬਰਿਜ਼ਬੇਨ ਦੀ ਗੰਭੀਰ ਮੌਸਮ ਚੇਤਾਵਨੀ ਨਾਲ ਤਾਜ਼ਾ ਜਾਣਕਾਰੀ ਰੱਖੋ

- ਜ਼ੁਬਾਨੀ ਸੁਨੇਹੇ, SMS ਅਤੇ/ਜਾਂ ਈਮੇਲ ਰਾਹੀਂ ਹਰ ਜਗ੍ਹਾ ਲਈ ਵਿਸ਼ੇਸ਼ ਚੇਤਾਵਨੀਆਂ ਪ੍ਰਾਪਤ ਕਰਨ ਲਈ ਰਜਿਸਟਰ ਕਰੋ।
- ਪ੍ਰਤੀ ਪਰਿਵਾਰ ਜਿੰਨੀਆਂ ਮਰਜ਼ੀ ਰਜਿਸਟ੍ਰੇਸ਼ਨਾਂ।
- ਮੌਸਮ ਵਿਗਿਆਨ ਬਿਊਰੋ ਦੀ ਸਲਾਹ 'ਤੇ ਆਧਾਰਿਤ ਚੇਤਾਵਨੀਆਂ।
- ਚੇਤਾਵਨੀਆਂ ਦਾ ਚੀਨੀ, ਕੋਰੀਆਈ, ਵੀਅਤਨਾਮੀ ਅਤੇ ਅਰਬੀ (ਜ਼ੁਬਾਨੀ ਸੁਨੇਹਿਆਂ ਨੂੰ ਛੱਡ ਕੇ) ਵਿੱਚ ਅਨੁਵਾਦ ਕੀਤਾ ਜਾ ਸਕਦਾ ਹੈ।

ਪੰਜੀਕਰਨ ਕਰਨ ਲਈ, QR ਕੋਡ ਨੂੰ ਸਕੈਨ ਕਰੋ ਜਾਂ **brisbane.qld.gov.au** ਉਪਰ ਜਾਓ ਅਤੇ ਬਰਿਜ਼ਬੇਨ ਦੀ ਗੰਭੀਰ ਮੌਸਮ ਚੇਤਾਵਨੀ' ਨੂੰ ਖੋਜੋ।

# ਤੁਹਾਡੀ ਘਰੇਲੂ ਸੰਕਟਮਈ ਯੋਜਨਾ

**ਆਪਣੇ ਪਰਿਵਾਰ ਨੂੰ ਬੇਹੱਦ ਖਰਾਬ ਮੌਸਮ ਦੇ ਸੰਕਟਕਾਲਾਂ ਵਾਸਤੇ ਤਿਆਰ ਕਰਨ ਲਈ, ਆਪਣੇ ਪਰਿਵਾਰ ਜਾਂ ਘਰ ਦੇ ਸਾਥੀਆਂ ਨਾਲ ਕੋਈ ਯੋਜਨਾ ਬਨਾਉਣਾ, ਇਸ ਨੂੰ ਸਾਂਝਾ ਕਰਨਾ ਅਤੇ ਇਸ ਦਾ ਅਭਿਆਸ ਕਰਨਾ ਮਹੱਤਵਪੂਰਨ ਹੈ।**




ਆਪਣੇ ਘਰ ਦੇ ਅੰਦਰ ਸੰਕਟਮਈ ਸਥਿਤੀ ਨੂੰ ਵਿਚਾਰੋ



ਇਕ ਸੰਕਟਮਈ ਕਿੱਟ ਬਣਾਓ



ਆਪਣੇ ਪਾਲਤੂਆਂ ਬਾਰੇ ਯੋਜਨਾ ਬਣਾਓ



ਸਿੱਖੋ ਕਿ ਸੰਕਟ ਵੇਲੇ ਕਿਸ ਨੂੰ ਫੋਨ ਕਰਨਾ ਹੈ



ਸਹਾਇਤਾ ਵਾਸਤੇ ਬੁਲਾਉਣ ਲਈ ਇਕ ਦੋਸਤ ਜਾਂ ਰਿਸ਼ਤੇਦਾਰ ਨੂੰ ਚੁਣੋ

# ਸੰਕਟਮਈ ਕਿੱਟ

ਸੰਕਟਮਈ ਕਿੱਟ ਵਿੱਚ ਹੇਠ ਲਿਖੀਆਂ ਚੀਜ਼ਾਂ ਹੋਣੀਆਂ ਚਾਹੀਦੀਆਂ ਹਨ, ਪਾਣੀ ਤੋਂ ਬਚਾਅ ਵਾਲੇ ਡੱਬੇ ਵਿੱਚ ਰੱਖੇ ਅਤੇ ਲੱਭਣੀ ਸੌਖੀ ਹੋਵੇ।





## ਨੰਨ੍ਹੇ ਮੁੰਨ੍ਹੇ ਅਤੇ ਬੱਚੇ

- ਬੱਚੇ ਦੀਆਂ ਲੋੜਾਂ, ਜਿਵੇਂ ਸੁੱਕਾ ਦੁੱਧ, ਪੋਤੜੇ
- ਬਦਲਣ ਵਾਲੇ ਕੱਪੜੇ
- ਖਿਡੌਣੇ



## ਪਾਲਤੂ

- ਪਾਲਤੂ ਜਾਨਵਰਾਂ ਦੀਆਂ ਚੀਜ਼ਾਂ, ਉਦਾਹਰਣ ਲਈ ਪਾਣੀ, ਭੋਜਨ, ਕੌਲੇ ਅਤੇ ਕੰਬਲ
- ਕਾਬੂ ਕਰਨ ਵਾਲਾ ਪਟਾ ਜਾਂ ਰੱਸੀ

## ਮਹੱਤਵਪੂਰਣ ਦਸਤਾਵੇਜ਼

- ਘਰ ਦੇ ਸਮਾਨ ਦੀ ਸੂਚੀ
- ਵਸੀਹਤਾਂ
- ਬੀਮੇ ਦੇ ਦਸਤਾਵੇਜ਼ ਅਤੇ ਪਾਲਸੀਆਂ ਦੇ ਨੰਬਰ, ਜਿਵੇਂ ਕਿ ਜੀਵਨ, ਕਾਰ, ਘਰ, ਘਰ ਦਾ ਸਮਾਨ
- ਜਨਮ ਅਤੇ ਵਿਆਹ ਦੇ ਪ੍ਰਮਾਣ ਪੱਤਰ
- ਪਾਸਪੋਰਟ
- ਡਾਕਟਰੀ ਵੇਰਵੇ, ਜਿਵੇਂ ਕਿ ਮੈਡੀਕੇਅਰ, ਟੀਕਾਕਰਨ ਦੇ ਰਿਕਾਰਡ ਅਤੇ ਪ੍ਰਾਈਵੇਟ ਸਿਹਤ ਫੰਡ
- ਵਿੱਤੀ ਦਸਤਾਵੇਜ਼, ਜਿਵੇਂ ਕਿ ਬੈਂਕ ਬਿਓਰਾ, ਸ਼ੇਅਰ

**ਯਾਦ ਰੱਖੋ: ਹੋ ਸਕਦਾ ਹੈ ਤੁਹਾਡੀ ਇੰਟਰਨੈਟ ਤੱਕ ਪਹੁੰਚ ਨਾ ਹੋਵੇ**

# ਤੂਫਾਨ ਦੀ ਸੁਰੱਖਿਆ

ਗਰਮੀਆਂ ਦੀ ਤੂਫਾਨੀ ਰੁੱਤ ਸ਼ੁਰੂ ਹੋਣ ਤੋਂ ਪਹਿਲਾਂ, ਘਰ ਦੇ ਆਲੇ ਦੁਆਲੇ ਦੇ ਰੁੱਖਾਂ ਦੀਆਂ ਟਾਹਣੀਆਂ ਨੂੰ ਕੱਟ ਕੇ ਥਾਂ ਵਿਹਲਾ ਕਰ ਲਵੋ।

ਤੁਸੀਂ ਇਹ ਵੀ ਜ਼ਰੂਰ ਕਰੋ:

- ਆਪਣੇ ਪਰਨਾਲੇ ਅਤੇ ਮੀਂਹ ਦਾ ਪਾਣੀ ਥੱਲੇ ਲਿਆਉਣ ਵਾਲੀਆਂ ਪਾਈਪਾਂ ਨੂੰ ਜਾਂਚੋ ਅਤੇ ਸਾਫ ਕਰੋ
- ਆਪਣੇ ਵਿਹੜੇ ਵਿੱਚ ਪਈਆਂ ਖੁੱਲ੍ਹੀਆਂ ਚੀਜ਼ਾਂ ਨੂੰ ਪਛਾਣੋ ਜਿਵੇਂ ਕਿ ਬਾਹਰ ਰੱਖਣ ਵਾਲੇ ਮੇਜ਼ ਕੁਰਸੀਆਂ ਅਤੇ ਖਿਡੌਣੇ ਜਿੰਨ੍ਹਾਂ ਨੂੰ ਤੂਫਾਨ ਦੇ ਆਉਣ ਤੋਂ ਪਹਿਲਾਂ ਸੰਭਾਲ ਦਿਓ ਜਾਂ ਕੱਸ ਕੇ ਬੰਨ੍ਹ ਦਿਓ
- ਸੰਕਟ ਸਮੇਂ ਮੀਂਹ ਤੋਂ ਬਚਾਅ ਲਈ ਮਾਸਕਿੰਗ ਟੇਪ ਅਤੇ ਪਲਾਸਟਿਕ ਦੀਆਂ ਸ਼ੀਟਾਂ ਤਿਆਰ ਰੱਖੋ।

## ਜਦੋਂ ਤੂਫਾਨ ਆ ਜਾਵੇ

ਜਦ ਕੋਈ ਭਿਅੰਕਰ ਤੂਫਾਨ ਆਉਂਦਾ ਹੈ, ਤਾਂ ਅੰਦਰ ਰਹੋ, ਖਿੜਕੀਆਂ ਤੋਂ ਦੂਰ ਰਹੋ ਅਤੇ ਮਕਾਨ ਦੇ ਸਭ ਤੋਂ ਮਜ਼ਬੂਤ ਹਿੱਸੇ (ਅਕਸਰ ਗੁਸਲਖਾਨੇ) ਵਿੱਚ ਉਡੀਕ ਕਰੋ। ਜੇਕਰ ਤੁਸੀਂ ਬਾਹਰ ਹੋ, ਆਸਰਾ (ਲੁਕਣ ਦੀ ਥਾਂ) ਲੱਭੋ ਪਰ ਰੱਖੁਾਂ ਦੇ ਥੱਲੇ ਖੜ੍ਹੇ ਨਾ ਹੋਵੋ।

ਤੁਸੀਂ ਜ਼ਰੂਰ ਕਰੋ:

- ਤੂਫਾਨ ਦੀ ਤਾਜ਼ਾ ਜਾਣਕਾਰੀ ਵਾਸਤੇ ਆਪਣੇ ਚੱਕਵੇਂ ਰੇਡੀਓ ਨੂੰ ਸੁਣੋ
- ਜੇਕਰ ਆਪਣੀ ਕਾਰ ਆਰਜ਼ੀ ਤੌਰ ਤੇ ਖੜ੍ਹੀ ਕਰਨੀ ਹੈ ਤਾਂ ਰੁੱਖਾਂ, ਬਿਜਲੀ ਦੀਆਂ ਤਾਰਾਂ ਅਤੇ ਬਰਸਾਤੀ ਨਾਲਿਆਂ ਤੋਂ ਦੂਰ ਰਹੋ
- ਤੂਫਾਨ ਦੇ ਸਮੇਂ ਘਰ ਵਾਲੇ ਟੈਲੀਫੋਨ ਨੂੰ ਨਾ ਵਰਤੋ।

## ਤੂਫਾਨ ਲੰਘ ਜਾਣ ਤੋਂ ਬਾਅਦ

ਤੂਫਾਨ ਲੰਘ ਜਾਣ ਤੋਂ ਬਾਅਦ ਇਹ ਕਰਨਾ ਮਹੱਤਵ ਪੂਰਣ ਹੈ:

- ਸਰਕਾਰੀ ਚੇਤਾਵਨੀਆਂ ਅਤੇ ਸਲਾਹ ਵਾਸਤੇ ਆਪਣੇ ਸਥਾਨਿਕ ਰੇਡੀਓ ਨੂੰ ਸੁਣੋ
- ਆਪਣੇ ਘਰ ਨੂੰ ਨੁਕਸਾਨ ਵਾਸਤੇ ਜਾਂਚੋ, ਜਿਵੇਂ ਕਿ ਛੱਤ, ਸੋਲਰ ਪੈਨਲ
- ਡਿੱਗੀਆਂ ਬਿਜਲੀ ਦੀਆਂ ਤਾਰਾਂ ਤੋਂ ਦੂਰ ਰਹੋ – ਉਹਨਾਂ ਨੂੰ ਇਨਰਜ਼ੈਕਸ ਨੂੰ **13 19 62** ਉਪਰ ਰਿਪੋਰਟ ਕਰੋ
- ਨੁਕਸਾਨ ਹੋਈਆਂ ਇਮਾਰਤਾਂ, ਰੱਖਾਂ ਅਤੇ ਹੜ੍ਹ ਦੇ ਪਾਣੀ ਤੋਂ ਖਬਰਦਾਰ ਰਹੋ
- ਜੇ ਲੋੜ ਹੋਵੇ ਤਾਂ ਗੁਆਂਢੀਆਂ ਦੀ ਸਹਾਇਤਾ ਲਈ ਤਿਆਰ ਰਹੋ।

ਜੇਕਰ ਤੁਹਾਨੂੰ ਜਾਨ-ਲੇਵਾ ਸੱਟ ਵਾਸਤੇ ਸੰਕਟਮਈ ਸਹਾਇਤਾ ਚਾਹੀਦੀ ਹੈ ਤਾਂ **000** (ਤਿੰਨ ਜ਼ੀਰੋ) ਨੂੰ ਫੋਨ ਕਰੋ, ਜਾਂ ਛੱਤ ਦੀ ਆਰਜ਼ੀ ਮੁਰੰਮਤ ਜਾਂ ਰੇਤ ਦੀਆਂ ਬੋਰੀਆਂ ਵਾਸਤੇ **132 500** (ਐਸ ਈ ਐਸ) ਨੂੰ ਫੋਨ ਕਰੋ। ਜੇਕਰ ਤੁਹਾਨੂੰ ਸਹਾਇਤਾ ਨਹੀਂ ਚਾਹੀਦੀ, ਪਤਾ ਕਰੋ ਕਿ ਕੀ ਤੁਹਾਡੇ ਗੁਆਂਢੀਆਂ ਨੂੰ ਚਾਹੀਦੀ ਹੈ।



# ਹੜ੍ਹ

ਹੜ੍ਹ ਸਾਲ ਦੇ ਕਿਸੇ ਸਮੇਂ ਵੀ ਆ ਸਕਦੇ ਹਨ, ਖਾਸ ਤੌਰ ਤੇ ਨਵੰਬਰ ਤੋਂ ਮਾਰਚ ਦੇ ਵਿੱਚਕਾਰ।

## ਹੜ੍ਹਾਂ ਦੇ ਸੋਮੇ


ਸਾਰੇ ਹੜ੍ਹ ਵੱਖ ਵੱਖ ਹੁੰਦੇ ਹਨ ਅਤੇ ਇਕ ਤੋਂ ਜ਼ਿਆਦਾ ਤਰੀਕਿਆਂ ਨਾਲ ਆ ਸਕਦੇ ਹਨ।



ਬਰਸਾਤੀ ਨਾਲੇ ਦਾ ਹੜ੍ਹ


ਦਰਿਆ ਦਾ ਹੜ੍ਹ


ਜ਼ਮੀਨੀ ਵਹਾਅ


ਤੂਫਾਨੀ ਲਹਿਰ

**ਯਾਦ ਰੱਖੋ: ਨਿਕਾਸ ਵਾਲੀਆਂ ਨਾਲੀਆਂ ਵਿੱਚ ਨਾ ਖੇਡੋ**

## ਹੜ੍ਹਾਂ ਲਈ ਕਿਸ ਤਰ੍ਹਾਂ ਤਿਆਰ ਹੋਣਾ ਹੈ

- ਮੌਸਮ ਦੀ ਤਾਜ਼ਾ ਜਾਣਕਾਰੀ ਲਈ ਰੇਡੀਓ, ਟੈਲੀਵੀਜ਼ਨ ਅਤੇ ਔਨਲਾਈਨ ਪਤਾ ਕਰੋ
- ਭਾਰੀ ਮੀਂਹ ਦੇ ਸਮੇਂ ਪਾਣੀ ਕਿਧਰ ਨੂੰ ਵਹਿੰਦਾ ਹੈ ਉਸ ਨੂੰ ਵੇਖੋ, ਇਹ ਹੜ੍ਹ ਦੇ ਪਾਣੀ ਦਾ ਸੰਭਾਵਿਤ ਰਸਤਾ ਵਿਖਾਏਗਾ
- ਸਾਵਧਾਨ ਰਹੋ ਕਿ ਦਰਿਆ, ਬਰਸਾਤੀ ਨਾਲਾ, ਨਾਲੀ ਜਾਂ ਲਹਿਰਾਂ ਵਾਲੇ ਪਾਣੀ ਦੇ ਨੇੜਲੀਆਂ ਜਾਇਦਾਦਾਂ ਵਿੱਚ ਹੜ੍ਹ ਆਉਣ ਦਾ ਖਤਰਾ ਜ਼ਿਆਦਾ ਹੁੰਦਾ ਹੈ
- ਆਪਣੀ ਬੀਮਾ ਕੰਪਨੀ ਦੇ ਨਾਲ ਆਪਣੀ ਜਾਇਦਾਦ ਦੇ ਹੜ੍ਹ ਦੇ ਬੀਮੇ ਬਾਰੇ ਗੱਲ ਕਰੋ
- ਸੰਕਟਮਈ ਕਿੱਟ ਬਣਾਓ
- ਵਿਚਾਰੋ ਕਿ ਬਿਜਲੀ ਚਲੇ ਜਾਣ, ਸੜਕਾਂ ਦੇ ਬੰਦ ਅਤੇ ਜਨਤਕ ਆਵਾਜਾਈ ਵਿੱਚ ਰੁਕਾਵਟ ਤੁਹਾਨੂੰ ਕਿਵੇਂ ਪ੍ਰਭਾਵਿਤ ਕਰ ਸਕਦੀ ਹੈ
- ਆਪਣੇ ਗੁਆਂਢੀ ਨਾਲ ਗੱਲ ਕਰੋ ਜਿਸ ਨੂੰ ਪਿਛਲੇ ਹੜ੍ਹਾਂ ਦਾ ਤਜ਼ਰਬਾ ਹੋ ਸਕਦਾ ਹੈ
- ਕਦੇ ਵੀ ਹੜ੍ਹ ਦੇ ਪਾਣੀ ਵਿੱਚ ਨਾ ਵੜੋ ਜਾਂ ਗੱਡੀ ਚਲਾਓ

ਕੌਂਸਲ ਦੇ ਕੋਲ ਔਨਲਾਈਨ ਹੜ੍ਹ ਜਾਗਰੂਕਤਾ ਵਾਲਾ ਨਕਸ਼ਾ ਹੈ ਜਿਸ ਦੀ ਵਰਤੋਂ ਕਿਸੇ ਜਾਇਦਾਦ ਵਾਸਤੇ ਹੜ੍ਹਾਂ ਦੀ ਸੰਭਾਵਨਾ ਦਾ ਪਤਾ ਲਗਾਉਣ ਲਈ ਕੀਤੀ ਜਾ ਸਕਦੀ ਹੈ।

ਹੜ੍ਹ ਜਾਗਰੂਕਤਾ ਨਕਸ਼ੇ ਨੂੰ ਵੇਖਣ ਲਈ, **brisbane.qld.gov.au** 'ਤੇ ਜਾਓ ਅਤੇ 'ਫਲੱਡ ਅਵੇਅਰਨੈੱਸ ਮੈਪ' ਦੀ ਖੋਜ ਕਰੋ।

# ਜੰਗਲ ਦੀ ਅੱਗ

ਜੰਗਲ ਦੀ ਅੱਗ ਦੀ ਰੁੱਤ ਆਮ ਤੌਰ ਤੇ ਅਗਸਤ ਤੋਂ ਦਸੰਬਰ ਤੱਕ ਹੰਦੀ ਹੈ ਅਤੇ ਇਸ ਲਈ ਤਿਆਰ ਰਹਿਣਾ ਮਹੱਤਵਪੂਰਣ ਹੈ, ਖਾਸ ਤੌਰ ਤੇ ਜੇਕਰ ਤੁਸੀਂ ਜੰਗਲ ਦੀ ਅੱਗ ਵਾਲੇ ਖੇਤਰ ਦੇ ਨੇੜੇ ਰਹਿੰਦੇ ਹੋ।



## ਆਪਣੀ ਜਾਇਦਾਦ ਨੂੰ ਤਿਆਰ ਕਰੋ

ਜਿਹੜੀਆਂ ਜਾਇਦਾਦਾਂ ਤਿਆਰ ਹੁੰਦੀਆਂ ਹਨ ਉਹਨਾਂ ਦਾ ਜੰਗਲ ਦੀ ਅੱਗ ਤੋਂ ਬਚਣ ਦੇ ਜ਼ਿਆਦਾ ਮੌਕੇ ਹੁੰਦੇ ਹਨ। ਆਪਣੀ ਜਾਇਦਾਦ, ਪਰਿਵਾਰ ਅਤੇ ਪਾਲਤੂੰ ਦੀ ਰੱਖਿਆ ਲਈ ਤੁਸੀਂ ਇਹ ਕਰੋ:

- ਇਮਾਰਤਾਂ ਦੇ ਦੁਆਲੇ ਜਗ੍ਹਾ ਖਾਲੀ ਕਰੋ
- ਇਮਾਰਤਾਂ ਦੇ ਲਾਗੇ ਉਗੇ ਘਾਹ ਬੂਟਿਆਂ ਨੂੰ ਪੁੱਟੋ ਅਤੇ ਹਟਾਓ
- ਖਿੜਕੀਆਂ, ਦਰਵਾਜ਼ੇ ਦੀਆਂ ਚੁਗਾਠਾਂ ਅਤੇ ਛੱਜਿਆਂ ਦੇ ਦੁਆਲੇ ਝੀਤਾਂ ਨੂੰ ਭਰੋ
- ਵੱਡੇ ਡੈਕ ਖੇਤਰ ਦੇ ਹੇਠਲੇ ਹਿੱਸੇ ਨੂੰ ਅੱਗ ਤੋਂ ਬਚਣ ਵਾਲੀ ਸਕਰੀਨ ਲਗਾ ਕੇ ਬਚਾਓ
- ਸੱਕ, ਪੱਤਿਆਂ ਅਤੇ ਟਾਹਣੀਆਂ ਨੂੰ ਇਕੱਠਾ ਕਰੋ
- ਯਕੀਨੀ ਬਣਾਓ ਕਿ ਤੁਹਾਡੀ ਜਾਇਦਾਦ ਤੱਕ ਅੱਗ ਬੁਝਾਊ ਟਰੱਕਾਂ ਦੀ ਆਸਾਨ ਪਹੁੰਚ ਹੈ।

# ਸੰਕਟਮਈ ਸੰਪਰਕ

| | |
|---|---|
| ਜਾਨ-ਲੇਵਾ ਸੰਕਟਮਈ ਸਥਿਤੀ | **000** (ਤਿੰਨ ਜ਼ੀਰੇ) |
| ਪੁਲੀਸ/ਅੱਗ/ਐਂਬੂਲੈਂਸ | **000** ਜਾਂ **112** (ਮੋਬਾਈਲਾਂ ਤੋਂ) |
| ਸਟੇਟ ਐਮਰਜੈਂਸੀ ਸਰਵਿਸ (ਐਸ ਈ ਐਸ) ਨੂੰ ਹੜ੍ਹ ਜਾਂ ਘਰ ਦੇ ਨੁਕਸਾਨ ਵਾਸਤੇ | **132 500** |
| ਇਨਰਜ਼ੈਕਸ (ਬਿਜਲੀ ਦੀਆਂ ਲਾਈਨਾਂ) | **13 19 62** |
| ਬਰਿਜ਼ਬੇਨ ਸਿਟੀ ਕੌਂਸਿਲ | **3403 8888** |
| ਅਨੁਵਾਦ ਤੇ ਦੋਭਾਸ਼ੀਆ ਸੇਵਾ (ਟਰਾਂਸਲੇਟਿੰਗ ਐਂਡ ਇੰਟਰਪਰੇਟਰ ਸਰਵਿਸ) | **131 450** |
| ਪਲੰਬਰ | |
| ਬਿਜਲੀ ਠੀਕ ਕਰਨ ਵਾਲੇ | |
| ਘਰ ਦਾ ਬੀਮਾ | |
| ਕਾਰ ਦਾ ਬੀਮਾ | |



**ਆਪਣੇ ਗੁਆਂਢ ਦੇ ਵਿੱਚ ਖਰਾਬ ਮੌਸਮ ਦੇ ਪ੍ਰਭਾਵਾਂ ਬਾਰੇ ਆਪਣੇ ਗੁਆਂਢੀਆਂ ਨਾਲ ਗੱਲ ਕਰੋ।**

**ਬਰਿਜ਼ਬੇਨ ਤਿਆਰ ਰਹੋ**


**Brisbane City Council**
GPO Box 1434
Brisbane Qld 4001


ਯਕੀਨੀ ਬਨਾਉਣ ਦੀ ਹਰੇਕ ਕੋਸ਼ਿਸ਼ ਕੀਤੀ ਗਈ ਹੈ
ਕਿ ਛਾਪਣ ਦੇ ਸਮੇਂ ਜਾਣਕਾਰੀ ਸਹੀ ਹੈ

Climate Active Carbon Neutral ORGANISATION

ਲੰਮੇ ਸਮੇਂ ਤੱਕ ਚੱਲ ਸਕਣ ਵਾਲੇ ਕਾਗਜ਼ ਉਪਰ ਛਪਿਆ

RESPONSIBLE FORESTRY PRACTICES

ISO 14001 EMS


CA22-1037890-08-6036 PUN



© 2022 Brisbane City Council



**brisbane.qld.gov.au**
3403 8888

/BrisbaneCityCouncil
@brisbanecityqld
@brisbanecitycouncil